ਪੰਜਾਬ ਸਰਕਾਰ
ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਪੰਜਾਬ,
ਦਫਤਰ ਵਣ ਮੰਡਲ ਅਫਸਰ, ਮੁਕਤਸਰ
ਬਠਿੰਡਾ ਰੋਡ, ਕੈਨਾਲ ਕਲੋਨੀ, ਸ੍ਰੀ ਮੁਕਤਸਰ ਸਾਹਿਬ।
ਫੋਨ ਨੰਬਰ 01633-262220, E-mail: dfomks@gmail.com

ਵਿਖੇ,

M/s Reliance Jio Infocomm Limited,
C-135, Phase-VIII, Industrial Area,
Mohali

ਨੰਬਰ/ਐਫ.ਸੀ.ਏ/ 6481 ਮਿਤੀ 01-11-18

ਵਿਸ਼ਾ: ***Div. of 1.7675 ha. forest land for laying OFC by M/s Reliance Jio Infocomm ltd. on Fazilka to Killianwali under Forest Division & Distt. Muktsar Sahib. Punjab.***

ਹਵਾਲਾ: ਪ੍ਰਪੋਜਲ ਨੰ: ਐਫ.ਪੀ./ਪੀ.ਬੀ./ਓ.ਐਫ.ਸੀ./36612/2018

ਉਪਰੋਕਤ ਵਿਸ਼ੇ ਤੇ ਹਵਾਲੇ ਅਧੀਨ ਪ੍ਰਪੋਜਲ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਬੰਧਤ ਵਣ ਰੇਂਜ ਅਫਸਰ ਨਾਲ ਤਾਲਮੇਲ ਕਰਕੇ ਮੌਕੇ ਦੀ ਸਾਂਝੀ ਇੰਸਪੈਕਸ਼ਨ ਕਰਵਾਈ ਜਾਵੇ ਅਤੇ ਆਪ ਵੱਲੋ ਲੇ ਆਊਟ ਪਲੈਨ ਇਸ ਦਫਤਰ ਨੂੰ ਨਹੀ ਭੇਜਿਆ, ਇਸ ਦੀ 3 ਕਾਪੀਆਂ ਇਸ ਦਫਤਰ ਨੂੰ ਭੇਜੀਆਂ ਜਾਣ ਅਤੇ 1-1 ਕਾਪੀ ਵਣ ਰੇਂਜ ਦਫਤਰ ਫਾਜਿਲਕਾ ਤੇ ਅਬੋਹਰ ਨੂੰ ਭੇਜੀ ਜਾਵੇ। ਇਸ ਤੇ ਇਲਾਵਾ ਆਪ ਵੱਲੋ ਜੋ ਟੋਪੋ ਸ਼ੀਟ ਭੇਜੀਆਂ ਹਨ, ਉਸ ਤੇ ਪ੍ਰੋਜੈਕਟ ਸਾਈਟ ਮਾਰਕ ਨਹੀ ਹੈ, ਜੋ ਕਿ ਮਾਰਕ ਕੀਤੀ ਜਾਵੇ, ਆਪ ਵੱਲੋ ਐਫ.ਆਰ.ਏ ਸਬੰਧੀ ਅੰਡਰਟੇਕਿੰਗ ਦਿੱਤੀ ਗਈ ਹੈ। ਇਹ ਸਰਟੀਫਿਕੇਟ ਸਬੰਧਤ ਡਿਪਟੀ ਕਮਿਸ਼ਨਰ ਦਫਤਰ ਪਾਸੋ ਪ੍ਰਾਪਤ ਕਰਕੇ ਇਸ ਦਫਤਰ ਨੂੰ ਭੇਜਿਆ ਜਾਵੇ।

ਉਪਰੋਕਤ ਤੋ ਇਲਾਵਾ ਆਪ ਨੂੰ ਇਹ ਵੀ ਦੱਸਿਆ ਜਾਂਦਾ ਹੈ ਕਿ ਆਪ ਵੱਲੋ ਐਪਲੀਕੇਸ਼ਨ ਪ੍ਰੋਸੈਸਿੰਗ ਫੀਸ 1000/- ਰੁਪਏ ਦਾ ਡੀ.ਡੀ. ਵਣ ਰੇਂਜ ਅਫਸਰ ਦੇ ਨਾਂ ਦਾ ਇਸ ਦਫਤਰ ਨੂੰ ਭੇਜਿਆ ਹੈ, ਹੁਣ ਸਰਕਾਰ ਵੱਲੋ ਫੀਸਾਂ ਵਿਚ ਸੋਧ ਕੀਤੀ ਗਈ ਹੈ, 1000/- ਪ੍ਰੋਸੈਸਿੰਗ ਫੀਸ ਤੋ ਵਧਾ ਕੇ 2000/- ਰੁਪਏ ਕਰ ਦਿੱਤੀ ਗਈ ਹੈ। ਇਸ ਲਈ ਬਕਾਇਆ 1000/- ਪ੍ਰੋਸੈਸਿੰਗ ਫੀਸ ਵਣ ਰੇਂਜ ਦਫਤਰ ਅਫਸਰ ਫਾਜਿਲਕਾ ਵਿਖੇ ਜਮਾਂ ਕਰਵਾਈ ਜਾਵੇ ਤਾਂ ਜੋ ਉਹਨਾਂ ਵੱਲੋ ਬਣਦੀ ਰਕਮ ਖਜਾਨੇ ਵਿਚ ਜਮਾਂ ਕਰਵਾਈ ਜਾ ਸਕੇ। ਆਪ ਵੱਲੋ ਉਕਤ ਕਾਰਵਾਈ ਨਾ ਕਰਨ ਕਾਰਨ ਕੇਸ ਭੇਜਣ ਵਿਚ ਹੋਈ ਦੇਰੀ ਦੀ ਜਿੰਮੇਵਾਰੀ ਇਸ ਦਫਤਰ ਦੀ ਨਹੀ ਹੋਵੇਗੀ।

ਵਣ ਮੰਡਲ ਅਫਸਰ,
ਸ੍ਰੀ ਮੁਕਤਸਰ ਸਾਹਿਬ ।

ਪਿੰ:ਅੰ:ਨੰ: 6482-84 ਮਿਤੀ 01-11-18

1) ਕਾਪੀ ਮਾਨਯੋਗ ਡਿਪਟੀ ਕਮਿਸ਼ਨਰ ਫਾਜਿਲਕਾ ਜੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਬੰਧਤ ਯੂਜਰ ਏਜੰਸੀ ਵੱਲੋ ਓ.ਐਫ.ਸੀ. ਪਾਉਣ ਸਬੰਧੀ ਵਣ ਵਿਭਾਗ ਦੀ ਪ੍ਰਵਾਨਗੀ ਲੈਣ ਲਈ ਐਫ.ਸੀ.ਏ 1980 ਤਹਿਤ ਕੇਸ ਆਨ ਲਾਈਨ ਅਪਲਾਈ ਕੀਤਾ ਗਿਆ ਹੈ। ਇਸ ਕੇਸ ਵਿਚ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ **ਸ਼ਡਿਊਲਡ ਟਰਾਈਬਜ ਦਾ ਸਰਟੀਫਿਕੇਟ** ਲੋੜੀਦਾ ਹੈ। ਜੋ ਕਿ ਆਪ ਜੀ ਦੇ ਦਫਤਰ ਵੱਲੋ ਜਾਰੀ ਕੀਤਾ ਜਾਣਾ ਹੈ। ਕ੍ਰਿਪਾ ਕਰਕੇ ਸ਼ਡਿਊਲਡ ਟਰਾਈਬਜ ਦਾ ਸਰਟੀਫਿਕੇਟ ਜਾਰੀ ਕਰਕੇ ਇਸ ਦਫਤਰ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ ਜੀ।

2) ਕਾਪੀ ਵਣ ਰੇਂਜ ਅਫਸਰ **ਫਾਜਿਕਲਾ ਨੂੰ ਉਨਾਂ ਦੀ ਰਿਪੋਟ ਪੱਤਰ ਨੰ:** 484 ਮਿਤੀ 5-9-18 ਅਤੇ ਰੇਂਜ ਅਫਸਰ **ਅਬੋਹਰ ਨੂੰ ਉਨਾਂ ਦੀ ਰਿਪੋਟ ਪੱਤਰ ਨੰ:**411 ਮਿਤੀ 4-9-18 ਦੇ ਹਵਾਲੇ ਵਿਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਹੁਣ ਯੂਜਰ ਏਜੰਸੀ ਵੱਲੋ ਕੇਸ ਆਨ ਲਾਈਨ ਅਪਲਾਈ ਕੀਤਾ ਗਿਆ ਹੈ।ਯੂਜਰ ਏਜੰਸੀ ਨਾਲ ਤਾਲਮੇਲ ਕੀਤਾ ਜਾਵੇ ਅਤੇ ਨਕਸ਼ਾਂ ਪ੍ਰਾਪਤ ਕਰਕੇ ਸਬੰਧਤ ਸਟ੍ਰਿਪਾਂ ਦਾ ਮੌਕਾ ਦੇਖਿਆ ਜਾਵੇ ਤੇ ਪ੍ਰਭਾਵਿਤ ਰਕਬੇ, ਰੁੱਖਾਂ ਤੇ ਪਲਾਂਟੇਸ਼ਨ ਦੀ ਤਾਜਾ ਰਿਪੋਟ ਇਸ ਦਫਤਰ ਨੂੰ ਭੇਜੀ ਜਾਵੇ ਅਤੇ ਇਹ ਵੀ ਦੱਸਿਆ ਜਾਵੇ ਕਿ ਯੂਜਰ ਏਜੰਸੀ ਵੱਲੋ ਜੋ ਨਕਸ਼ੇ ਪਹਿਲਾ ਭੇਜੇ ਸਨ ਅਤੇ ਜੋ ਹੁਣ ਆਨ ਲਾਈਨ ਕੇਸ ਵਿਚ ਏਰੀਆ ਅਪਲਾਈ ਕੀਤਾ ਹੈ ਵਿਚ ਫਰਕ ਤਾਂ ਨਹੀ ਹੈ।ਯੂਜਰ ਏਜੰਸੀ ਵੱਲੋ ਐਪਲੀਕੇਸ਼ਨ ਪ੍ਰੋਸੈਸਿੰਗ ਫੀਸ 1000/- ਦਾ ਡੀ.ਡੀ. ਵਣ ਰੇਂਜ ਅਫਸਰ, ਦੇ ਨਾਮ ਤੇ ਭੇਜਿਆ ਹੈ, ਜੋ ਕਿ ਵਣ ਰੇਂਜ ਅਫਸਰ ਫਾਜਿਲਕਾ ਨੂੰ ਨਾਲ ਨੱਥੀ ਕਰਕੇ ਭੇਜਿਆ ਜਾਂਦਾ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਬਣਦੀ ਰਕਮ ਖਜਾਨੇ ਵਿਚ ਜਮਾਂ ਕਰਵਾ ਕੇ ਚਲਾਨ ਦੀ ਕਾਪੀ ਇਸ ਦਫਤਰ ਨੂੰ ਭੇਜੀ ਜਾਵੇ ਇਸ ਤੋ ਇਲਾਵਾ ਸਰਕਾਰ ਦੀਆਂ ਨਵੀਆਂ ਹਦਾਇਤਾਂ ਅਨੁਸਾਰ ਐਪਲੀਕੇਸ਼ਨ ਪ੍ਰੋਸੈਸਿੰਗ ਫੀਸ 1000/- ਤੋ ਵਧਾ ਕੇ 2000/ ਕਰ ਦਿੱਤੀ ਗਈ ਹੈ, ਇਸ ਲਈ ਬਕਾਇਆ ਰਕਮ ਵੀ ਯੂਜਰ ਏਜੰਸੀ ਪਾਸੋ ਪ੍ਰਾਪਤ ਕਰਕੇ ਖਜਾਨ ਵਿਚ ਜਮਾਂ ਕਰਵਾਈ ਜਾਵੇ। ਬਿਨਾਂ ਭਾਰਤ ਸਰਕਾਰ ਦੀ ਪ੍ਰਵਾਨਗੀ ਪ੍ਰਾਪਤ ਕੀਤੇ ਯੂਜਰ ਏਜੰਸੀ ਨੂੰ ਕੰਮ ਸ਼ੁਰੂ ਨਾ ਕਰਨ ਦਿੱਤਾ ਜਾਵੇ।ਮੌਕੇ ਤੇ ਹੋਈ ਵਾਇਲੇਸ਼ਨ ਦੀ ਜਿੰਮੇਵਾਰੀ ਆਪ/ਸਬੰਧਤ ਯੂਜਰ ਏਜੰਸੀ ਦੀ ਹੋਵੇਗੀ।

ਵਣ ਮੰਡਲ ਅਫਸਰ,
ਸ੍ਰੀ ਮੁਕਤਸਰ ਸਾਹਿਬ ।

Scanned by CamScanner